National Research Journal of Social Sciences
Volume-11, Issue-1, January-June 2026
PP: 286-291

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੀ ਜੀਵਨ, ਯਾਤਰਾਵਾਂ ਤੇ ਰਚਨਾ

**ਕੁਲਵਿੰਦਰ ਕੋਰ**

ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ, ਡੀ.ਏ.ਵੀ. ਕਾਲਜ, ਬਠਿੰਡਾ

**ਸਾਰ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰਮਤਿ ਦੇ ਮੁੱਖ ਸਿਧਾਂਤਾਂ ਦਾ ਹੀ ਵਿਸਥਾਰ ਕਰਦੀ ਹੈ ਵਿਸ਼ੇਸ਼ ਗੱਲ ਇਹ ਹੈ।ਕਿ ਆਪ ਦੀ ਬਾਣੀ ਵਿੱਚ ਦੋ ਪ੍ਰਵਿਰਤੀਆਂ ਅਧਿਕ ਉਘੜੀਆਂ ਹਨ।ਇੱਕ ਹੈ ਵੈਰਾਗ ਦੀ ਭਾਵਨਾ ਤੇ ਦੂਜੀ ਹੈ ਭਗਤੀ ਦੀ ਭਾਵਨਾ।ਇਹਨਾਂ ਦੋਹਾਂ ਭਾਵਨਾਵਾਂ ਦੀਆਂ ਵੱਖ ਵੱਖ ਸਥਿਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਗੁਰੂ ਜੀ ਨੇ ਪ੍ਰਕਾਸ਼ ਪਾਇਆ ਹੈ।ਇਹ ਸ਼ਬਦ ਰਾਗਬੱਧ ਹਨ ਅਤੇ ਗੁਰੂ ਜੀ ਨੇ ਇਹਨਾਂ ਲਈ 15 ਰਾਗਾਂ ਦੀ ਵਰਤੋਂ ਕੀਤੀ ਹੈ। ਰਾਗਾਂ ਦੀ ਵਿਵਿਧਤਾ ਦੇ ਬਾਵਜੂਦ ਗੁਰੂ ਜੀ ਨੇ ਰਾਗਾਂ ਦੀ ਪ੍ਰਕਿਰਤੀ ਨਾਲ ਆਪਣੀਆਂ ਭਾਵਨਾਵਾਂ ਦਾ ਸਬੰਧ ਜੋੜੀ ਰੱਖਿਆ ਹੈ। ਜਿੱਥੋਂ ਤੱਕ ਰਾਗਾਂ ਦੇ ਸ਼ਾਸਤਰੀ ਨਿਯਮਾਂ ਦੀ ਪਾਲਣਾ ਦਾ ਸੰਬੰਧ ਹੈ ਗੁਰੂ ਜੀ ਨੇ ਰਾਗ ਦੇ ਵਿਆਕਰਨ ਦੀ ਅਨਰੂਪਤਾ ਦੀ ਥਾਂ ਅਨੁਕੂਲ ਵਾਤਾਵਰਣ ਦੀ ਸ੍ਰਿਸ਼ਟੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਇਸ ਲਈ ਗੁਰੂ ਜੀ ਨੇ ਇਹਨਾਂ ਸ਼ਬਦਾਂ ਵਿੱਚ ਆਪਣੀ ਰਾਗ ਸਿੱਧੀ ਦਾ ਪਰਿਚਯ ਦਿੱਤਾ ਹੈ। ਆਪ ਦੀ ਕਾਵਿ-ਸਾਧਨਾ ਦੀ ਸੰਵੇਦਨਸ਼ੀਲਤਾ 'ਨਿਜ' ਦੀ ਸੀਮਾ ਤੋਂ ਨਿਕਲ ਕੇ 'ਪਰ' ਦੀ ਵਿਆਪਕ ਭਾਵ-ਭੂਮੀ ਉੱਤੇ ਜ ਬਿਰਾਜੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੀ ਬਿੰਬਾਵਲੀ ਵਿਸ਼ੇਸ਼ ਮਹੱਤਵ ਰੱਖਦੀ ਹੈ,ਕਿਉਂਕਿ ਇਸ ਭਾਵਨਾ ਨਾਲ ਇਸ ਭਾਵ ਨੂੰ ਜਗਾਉਣ ਜਾਂ ਉਭਾਰਨ ਵਿੱਚ ਬਹੁਤ ਸਹਾਇਤਾ ਮਿਲੀ ਹੈ। ਇਸ ਤੋਂ ਇਲਾਵਾ ਗੁਰੂ ਜੀ ਨੇ ਆਪਣੇ ਵਿਚਾਰਾਂ ਨੂੰ ਸਰਲ ਬਣਾਉਣ ਅਤੇ ਜਗਿਆਸੂਆਂ ਨੂੰ ਉਹਨਾਂ ਦੇ ਲੋਕ ਗਿਆਨ ਅਨਰੂਪ ਸਮਝਾਉਣ ਲਈ ਅਨੇਕ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਬਾਣੀ ਵਿੱਚ ਅਲੰਕਾਰਾਂ ਤੇ ਗੁਲਦਸਤੇ ਨੂੰ ਸਜਾਉਣ ਤੋਂ ਗੁਰੂ ਜੀ ਨੇ ਸੰਕੋਚ ਕੀਤਾ ਹੈ। ਆਪ ਨੇ ਬ੍ਰਜ ਭਾਸ਼ਾ ਅਤੇ ਕੁਝ ਹੱਦ ਤੱਕ ਸਧੁਕੜੀ ਭਾਸ਼ਾ ਨੂੰ ਭਾਵ ਪ੍ਰੇਸ਼ਣ ਦਾ ਸਾਧਨ ਬਣਾਇਆ ਹੈ।ਇਹ ਭਾਸ਼ਾ ਭਗਤੀ ਸੱਭਿਆਚਾਰ ਦੀ ਕੁਠਾਲੀ ਵਿੱਚ ਢਲੀ ਹੋਈ ਹੈ।ਇਸ ਤਰ੍ਹਾਂ ਇਹ ਜਨ ਸੰਘਰਸ਼ ਦੀ ਸਰਬ ਸਾਂਝੀ ਲਹਿਰ ਦੀ ਸੰਪਰਕ ਭਾਸ਼ਾ ਹੈਸਮੁੱਚੇ ਤੌਰ ਤੇ ਗੁਰੂ ਜੀ ਨੇ ਜਿੱਥੇ ਆਪਣੇ ਬਲਿਦਾਨ ਦੁਆਰਾ ਭਾਰਤੀ ਸੱਭਿਆਚਾਰ ਨੂੰ ਇੱਕ ਨਵੀਂ ਬਿਰਤੀ ਨਾਲ ਜੋੜਿਆ ਹੈ ਉਥੇ ਵੈਰਾਗ ਅਤੇ ਭਗਤੀ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਸੰਸਾਰਿਕ ਪ੍ਰਪੰਚ ਵਿੱਚ ਉਲਝਣ ਤੋਂ ਵਰਜਿਆ ਹੈ।ਆਪ ਨੇ ਬ੍ਰਜ ਭਾਸ਼ਾ ਦੇ ਪੰਜਾਬੀਆਂ ਲਈ ਅਜਨਬੀਪਣਾ ਖਤਮ ਕਰਕੇ ਉਹਨਾਂ ਦੇ ਭਾਸ਼ਕਿ ਗਿਆਨ ਨੂੰ ਵਿਸਤਾਰ ਦਿੱਤਾ ਹੈ।ਯੁਕਤੀ ਨਾਲ ਗੱਲ ਸਮਝਾ ਕੇ ਜਗਿਆਸੂ ਦੇ ਮਨ ਦੀ ਸਥਿਤੀ ਵਿੱਚ ਪਰਿਵਰਤਨ ਲਿਆਉਂਦਾ ਹੈ ਅਤੇ ਸੁੰਦਰ ਸ਼ਬਦ ਵਿਧਾਨ ਰਾਹੀਂ ਸਾਰੀ ਬਾਣੀ ਨੂੰ ਸੁਭਾਸ਼ਿਤਾ ਵਰਗਾ ਰੂਪ ਪ੍ਰਦਾਨ ਕੀਤਾ ਹੈ।

**ਕੀਵਰਡ:-**ਬਲਿਦਾਨ, ਕਲਿਆਣ , ਧਰਮ , ਮਹਾਂਪੁਰਖ , ਪ੍ਰੇਰਨਾ , ਪਰਮਾਤਮਾ

ਗੁਰੂ ਤੇਗ ਬਹਾਦਰ ਦਾ ਜਨਮ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸਨ 1621 ਈਸਵੀ ਨੂੰ ਅੰਮ੍ਰਿਤਸਰ ਵਿੱਚ ਹੋਇਆ। ਆਪ ਆਪਣੇ ਚਾਰ ਭਰਾਵਾਂ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ,ਬਾਬਾ ਅਣੀ ਰਾਇ ਤੇ ਬਾਬਾ ਅਟੱਲ ਰਾਇ ਜੀ ਅਤੇ ਇੱਕ ਭੈਣ ਬੀਬੀ ਵੀਰੋ ਤੋਂ ਛੋਟੇ ਸਨ। ਬਚਪਨ ਤੋਂ ਹੀ ਆਪ ਵੈਰਾਗੀ ਰੁਚੀ ਵਾਲੇ ਗੰਭੀਰ ਧਰਮ -ਸਾਧਕ ਅਤੇ ਤਪੱਸਵੀ ਮਹਾਂਪੁਰਸ਼ ਸਨ। ਬਚਪਨ ਵਿੱਚ ਹੀ ਉਹਨਾਂ ਦੇ ਆਚਰਨ ਨਿਰਮਾਣ ਵਿੱਚ ਮਾਤਾ ਪਿਤਾ ਦਾ ਡੂੰਘਾ ਪ੍ਰਭਾਵ ਪਿਆ। ਆਪ ਦਾ ਬਚਪਨ ਦਾ ਨਾਂ 'ਤਿਆਗ ਮੱਲ'ਸੀ। ਇਤਿਹਾਸਕਾਰ ਲਿਖਦੇ ਹਨ ਕਿ ਜਦ ਆਪ ਦਾ ਜਨਮ ਹੋਇਆ ਤਾਂ ਪਿਤਾ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਦੇ ਚਰਨਾਂ ਤੇ ਸੀਸ ਨਿਵਾਇਆ ਤੇ ਮੱਥਾ ਟੇਕਿਆ। ਭਾਈ ਬਿਧੀ ਚੰਦ ਦੇ ਪੁੱਛਣ ਤੇ ਆਪ ਨੇ ਦੱਸਿਆ ਕਿ ਇਹ ਬਾਲਕ ਸੱਚਾਈ ਦੇ ਰਾਹ ਤੇ ਜਬਰ -ਜ਼ੁਲਮ ਨੂੰ ਮਿਟਾਉਣ ਲਈ ਆਖਰੀ ਸਵਾਸਾਂ ਤੱਕ ਲੜੇਗਾ।

ਗੁਰੂ ਤੇਗ ਬਹਾਦਰ ਸਾਹਿਬ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ, ਦਇਆ ਦੀ ਮੂਰਤ ਸਨ। ਆਪ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਵਿਆਹ ਸੀ ।ਵਿਆਹ ਸਮੇਂ ਆਪ ਨੂੰ ਸੁੰਦਰ ਪੁਸ਼ਾਕੇ ਪਹਿਨਾਏ ਗਏ। ਸਾਰੀ ਬਰਾਤ ਜਾਣ ਲਈ ਬਾਹਰ ਦਰਵਾਜੇ ਵਿੱਚ ਖੜੀ ਸੀ।ਆਪ ਵੀ ਨਾਲ ਖੜੇ ਸਨ,ਉੱਥੇ ਆਪਨੇ ਇੱਕ ਨੰਗਾ ਭਿਖਾਰੀ ਬੱਚਾ ਵੇਖਿਆ ਤਾਂ ਆਪਣੇ ਤਨ ਤੋਂ ਕੱਪੜੇ ਉਤਾਰ ਕੇ ਉਸ ਭਿਖਾਰੀ ਨੂੰ ਪਹਿਨਾ ਦਿੱਤੇ।ਮਾਤਾ ਜੀ ਦੇ ਪੁੱਛਣ ਤੇ ਆਪ ਨੇ ਦੱਸਿਆ ਕਿ ਮਾਤਾ ਜੀ ਮੈਨੂੰ ਤਾਂ ਹੋਰ ਮਿਲ ਜਾਣਗੇ ,ਉਸ ਨੂੰ ਕਿਸ ਨੇ ਦੇਣੇ ਹਨ?ਆਪ ਐਸੀ ਦਇਆ ਦੀ ਮੂਰਤ ਸਨ। ਆਪ ਨੂੰ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਪੰਜਾਬੀ, ਬਿਰਜ,ਹਿੰਦੀ ਆਦਿ ਕਈ ਭਾਸ਼ਾਵਾਂ ਗਣਿਤ,ਇਤਿਹਾਸ ਤੇ ਸੰਗੀਤ ਦੀ ਸਿੱਖਿਆ ਵਿੱਚ ਡੂੰਘਾ ਗਿਆਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਆਪ ਨੇ ਤਰਕ ਸ਼ਾਸਤਰ,ਦਰਸ਼ਨ ਸ਼ਾਸਤਰ,ਭਗਵਤ ਗੀਤਾ,ਰਮਾਇਣ,ਮਹਾਂਭਾਰਤ,ਕੁਰਾਨ ਅਤੇ ਸੂਫੀ ਮੱਤ ਦੀਆਂ ਪੁਸਤਕਾਂ ਦਾ ਗਿਆਨ ਵੀ ਹਾਸਲ ਕੀਤਾ। ਆਪ ਨੂੰ ਘੋੜ ਸਵਾਰੀ ਤੇ ਸ਼ਸਤਰ ਚਲਾਉਣ ਵਿੱਚ ਨਿਪੁੰਨਤਾ ਹਾਸਿਲ ਸੀ।ਆਪ ਬਹੁਤ ਬਹਾਦਰ ਯੋਧੇ ਵੀ ਸਨ।

ਕਰਤਾਰ ਪੁਰ ਦੀ ਲੜਾਈ ਵਿਚ ਆਪ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਦਾ ਨਾਂ "ਤਿਆਗ ਮੱਲ"ਤੋਂ "ਤੇਗ ਬਹਾਦਰ" ਰੱਖ ਦਿੱਤਾ।ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ ਗੁਜਰੀ ਨਾਲ ਸੰਨ 1632 ਈਸਵੀ ਵਿੱਚ ਹੋਇਆ।ਸਨੰ 1666 ਈਸਵੀ ਵਿੱਚ ਉਹਨਾਂ ਦੇ ਘਰ ਸਪੁੱਤਰ ਦਾ ਜਨਮ ਹੋਇਆ ਜਿਸ ਦਾ ਨਾਮ ਗੋਬਿੰਦ ਦਾਸ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਰੱਖਿਆ ਗਿਆ।ਪਿਤਾ ਗੁਰੂ ਹਰਗੋਬਿੰਦ ਜੀ ਦੇ ਮਹਾਂਪ੍ਰਸਥਾਨ ਤੋਂ ਬਾਅਦ ਸੰਨ 1644 ਈਸਵੀ ਵਿੱਚ ਆਪ ਆਪਣੀ ਪਤਨੀ ਅਤੇ ਮਾਤਾ ਸਾਹਿਤ ਬਕਾਲਾ ਪਿੰਡ ਵਿੱਚ ਆ ਵਸੇ ਜਿੱਥੇ ਆਪ ਨੇ 20 ਸਾਲ ਬਤੀਤ ਕੀਤੀ।ਆਪ ਜਿਆਦਾ ਸਮਾਂ ਈਸ਼ਵਰ ਦੇ ਧਿਆਨ ਵਿੱਚ ਬਿਤਾਉਂਦੇ ਸਨ।ਆਪ ਦੇ ਨਾਂ ਤੇ ਹੀ ਇਹ ਸ਼ਹਿਰ "ਬਾਬਾ ਬਕਾਲਾ" ਕਰਕੇ ਪ੍ਰਸਿੱਧ ਹੋਇਆ। ਆਪ ਦੇ ਪਿਤਾ ਗੁਰੂ ਹਰਗੋਬਿੰਦ ਜੀ ਤੋਂ ਬਾਅਦ ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਕਰਮ ਵਾਰ ਸੱਤਵੇਂ ਅਤੇ ਅੱਠਵੇਂ ਗੁਰੂ ਬਣੇ।ਬਾਲ ਕਾਲ ਵਿੱਚ ਜੋਤੀ ਜੋਤ ਸਮਾਉਣ ਕਾਰਨ ਅੱਠਵੇਂ ਗੁਰੂ ਨੇ ਗੁਰੂਗੱਦੀ ਦੇ ਉੱਤਰਾਧਿਕਾਰੀ ਬਾਰੇ ਕੇਵਲ ਬਾਬੇ ਬਕਾਲੇ ਸ਼ਬਦ ਕਿਹਾ । ਇਸ ਅਸਪਸ਼ਟ ਸੰਕੇਤ ਕਾਰਨ ਗੱਦੀ ਦੇ ਕਈ ਦਾਅਵੇਦਾਰ ਖੜੇ ਹੋ ਗਏ ਆਖਿਰ ਭਾਈ ਮੱਖਣ ਸ਼ਾਹ ਲੁਬਾਣਾ ਨੇ ਆਪਣੇ ਮੰਨਤ ਭੇਟਾ ਕਰਨ ਲਈ ਸੂਖਮ ਦ੍ਰਿਸ਼ਟੀ ਨਾਲ 22 ਅਖੌਤੀ ਗੱਦੀਆਂ ਵਿੱਚੋਂ ਸੱਚੇ ਗੁਰੂ ਨੂੰ ਲੱਭ ਲਿਆ।ਆਪ 20 ਮਾਰਚ 1665 ਈਸਵੀ ਨੂੰ 43 ਵਰਿਆਂ ਦੀ ਉਮਰ ਵਿੱਚ ਗੁਰੂ ਗੱਦੀ ਉੱਤੇ ਬੈਠੇ।ਗੁਰੂਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਜਲਦੀ ਹੀ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਹਿੱਤ ਦੌਰੇ ਆਰੰਭੇ ,ਜਿਸ ਵਿੱਚ ਆਪ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ,ਸਾਹਿਬ,ਵੱਲਾ,ਘੁੱਕੇ ਵਾਲੀ,ਖਡੂਰ ਸਾਹਿਬ, ਗੋਇੰਦਵਾਲ,ਤਰਨਤਾਰਨ,ਖੇਮਕਰਨ,ਕੀਰਤਪੁਰ ਤੇ ਬਿਲਾਸਪੁਰ ਗਏ। ਪੰਜਾਬ ਦੀਆਂ ਯਾਤਰਾਵਾਂ ਤੋਂ ਬਾਅਦ ਆਪ ਨੇ ਪੂਰਬੀ ਭਾਰਤ ਦੀਆਂ ਯਾਤਰਾਵਾਂ ਕੀਤੀਆਂ ਆਪ ਦੇ ਪਿੱਛੋਂ ਪਟਨਾ ਸਾਹਿਬ ਵਿੱਚ ਬਾਲਕ ਗੋਬਿੰਦ ਰਾਇ ਦਾ 22 ਦਸੰਬਰ 1666 ਈਸਵੀ ਨੂੰ ਜਨਮ ਹੋਇਆ।ਆਪ ਜੋਧਪੁਰ ਦੇ ਰਾਜਾ ਰਾਮ ਸਿੰਘ ਨਾਲ ਅਸਾਮ ਦੀ ਮੁਹਿੰਮ ਉੱਤੇ ਚਲੇ ਗਏ ਅਤੇ ਉਥੋਂ ਦਾ ਸਾਰਾ ਮਾਮਲਾ ਰਾਸ਼ਟਰੀ ਹਿੱਤਾਂ ਨੂੰ ਮੁੱਖ ਰੱਖਦਿਆਂ ਸ਼ਾਂਤੀ ਪੂਰਵਕ ਹੱਲ ਕੀਤਾ। ਉਥੋਂ ਵਾਪਸ ਆ ਕੇ ਕੁਝ ਸਮਾਂ ਆਪ ਪਟਨਾ ਨਗਰ ਵਿੱਚ ਟਿਕੇ ਅਤੇ ਫਿਰ ਪਰਿਵਾਰ ਨੂੰ ਉਥੇ ਛੱਡ ਕੇ ਸਨ 1668 ਈਸਵੀ ਵਿੱਚ ਅਨੰਦਪੁਰ ਪਰਤ ਆਏ ।ਸੰਨ 1672 ਈਸਵੀ ਵਿੱਚ ਪਟਨੇ ਤੋਂ ਆਪਣੇ ਪਰਿਵਾਰ ਨੂੰ ਵੀ ਉਥੇ ਬੁਲਵਾ ਲਿਆ। ਇਹਨਾਂ ਯਾਤਰਾਵਾਂ ਤਹਿਤ ਉਹਨਾਂ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋ ਗਏ।ਇਸ ਤਰ੍ਹਾਂ ਉਹਨਾਂ ਨੇ ਪੰਜਾਬ ਤੋਂ ਲੈ ਕੇ ਬੰਗਾਲ ਤੇ ਆਸਾਮ ਤੱਕ ਤਕਰੀਬਨ ਸਾਰੇ ਉੱਤਰੀ ਭਾਰਤ ਦੀ ਯਾਤਰਾ ਕੀਤੀ।ਗੁਰੂ ਨਾਨਕ ਦੇਵ ਤੋਂ ਪਿੱਛੋਂ ਕਿਸੇ ਸਿੱਖ ਗੁਰੂ ਨੇ ਇਨੇ ਅਧਿਕ ਪ੍ਰਦੇਸ਼ਾਂ ਦੀ ਯਾਤਰਾ ਨਹੀਂ ਕੀਤੀ।ਜਿੰਨੀ ਕਿ ਗੁਰੂ ਤੇਗ ਬਹਾਦਰ ਜੀ ਨੇ ਕੀਤੀ ਉਹਨਾਂ ਦੀਆਂ ਯਾਤਰਾਵਾਂ ਦਾ ਉਦੇਸ਼ ਸਿੱਖ ਦਾ ਪ੍ਰਚਾਰ ਕਰਨਾ ਅਤੇ ਮਾਨਵ ਜਾਤੀ ਦਾ ਕਲਿਆਣ ਕਰਨਾ ਸੀ।ਆਪ ਜੀ ਦੀਆਂ ਯਾਤਰਾਵਾਂ ਦਾ ਸੰਖੇਪ ਵਰਣਨ ਹੇਠ ਲਿਖਿਆਂ ਅਨੁਸਾਰ ਹੈ:

### ਗੁਰਿਆਈ ਮਿਲਣ ਪਿੱਛੋਂ ਪੰਜਾਬ ਦੇ ਅਨੇਕ ਸਥਾਨਾਂ ਦੀਆਂ ਯਾਤਰਾਵਾਂ

ਬਕਾਲੇ ਤੋਂ ਗੁਰੂ ਜੀ ਦੋ ਵਾਰ ਕੀਰਤਪੁਰ ਗਏ। ਪਹਿਲੀ ਵਾਰ ਗੁਰਿਆਈ ਮਿਲਣ ਤੋਂ ਦਸਵੇਂ ਦਿਨ ਸੰਮਤ 1721 ਬਿ: ਭਾਦੋ ਸੁਦ10 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਭਣਵਈਏ ਬਾਬਾ ਖੇਮਕਰਨ ਧੁੰਮੇ ਅਤੇ ਆਪ ਜੀ ਦੀ ਭੈਣ ਰੂਪ ਕੌਰ ਨਾਲ ਗੁਰੂ ਹਰਕ੍ਰਿਸ਼ਨ ਜੀ ਦੇ ਦਿਹਾਂਤ ਬਾਰੇ ਅਫਸੋਸ ਕਰਨ ਗਏ ਤੇ ਦੋ ਦਿਨ ਰਹੇ। ਦੂਜੀ ਵਾਰ ਮਾਤਾ ਬੱਸੀ ਜੀ ਦੇ ਅਕਾਲ ਚਲਾਣਾ ਕਰ ਜਾਣ ਉੱਤੇ ਗਏ ਤੇ ਤਿੰਨ ਦਿਨ ਰਹੇ।ਬੱਸੀ ਜੀ ਪਤਨੀ ਗੁਰਦਿੱਤਾ ਜੀ ਦਾ ਅਕਾਲ ਚਲਾਣਾ ਸਨ 1721 ਈਸਵੀ ਵਦੀ 14 ਨੂੰ ਕੀਰਤਪੁਰ ਵਿੱਚ ਹੋਇਆ।ਧੀਰਮੱਲ ਨੇ ਈਰਖਾ ਤੇ ਦੁਸ਼ਮਣੀ ਵਿਖਾਈ ਤਾਂ ਗੁਰੂ ਜੀ ਬਕਾਲਾ ਛੱਡ ਅੰਮ੍ਰਿਤਸਰ ਵੱਲ ਤੁਰ ਪਏ,ਆਪਣੇ ਨਾਲ ਉਹ ਮੱਖਣ ਸ਼ਾਹ ਨੂੰ ਵੀ ਲੈ ਕੇ ਗਏ ਬਕਾਲੇ ਤੋਂ ਚੱਲ ਕੇ ਸੰਮਤ 1721 ਬਿਕਰਮੀ ਪੁਨਿਆ ਵਾਲੇ ਦਿਨ ਅੰਮ੍ਰਿਤਸਰ ਪਹੁੰਚੇ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ।ਅੱਗੇ ਪੁਜਾਰੀਆਂ ਆਪਣੀ ਰੁਜ਼ਗਾਰ ਨੂੰ ਖਤਰਾ ਸਮਝਿਆ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਕਿਵਾੜ ਬੰਦ ਕਰ ਲਏ।ਆਪ ਬਾਹਰੋਂ ਹੀ ਇਸ਼ਨਾਨ ਕਰ ਵੱਲਾ ਸਾਹਿਬ ਚਲੇ ਗਏ ਤੇ ਮਸੰਦਾਂ ਪ੍ਰਤੀ ਕਿਹਾ :ਨਹਿ ਮਸੰਦ ਤੁਮ ਅੰਮ੍ਰਿਤਸਰੀਏ।।ਤ੍ਰਿਸ਼ਨਾ ਮਨ ਤੇ ਅੰਤਰ ਸੜੀਏ।।ਗੁਰੂ ਸਾਹਿਬ ਅਕਾਲ ਤਖਤ ਦੇ ਨੇੜੇ ਇੱਕ ਰੁੱਖ ਹੇਠ ਕੁਝ ਸਮੇਂ ਲਈ ਠਹਿਰੇ।ਇਸ ਸਥਾਨ ਨੂੰ ਅੱਜ ਕੱਲ੍ਹ" ਥੰਮ "ਸਾਹਿਬ ਕਿਹਾ ਜਾਂਦਾ ਹੈ।

### ਪੂਰਬੀ ਭਾਰਤ ਦੀਆਂ ਯਾਤਰਾਵਾਂ-

ਚੱਕ ਨਾਨਕੀ ਦੀ ਨੀਹ ਰੱਖਣ ਤੋਂ ਬਾਅਦ ਗੁਰੂ ਸਾਹਿਬ ਨੇ ਪੂਰਬੀ ਭਾਰਤ ਦੀਆਂ ਲੰਮੀਆਂ ਯਾਤਰਾਵਾਂ ਕਰਨ ਦਾ ਫੈਸਲਾ ਕੀਤਾ। ਕੁਝ ਸ਼ਰਧਾਲੂ ਸਿੱਖਾਂ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਤੋਂ ਰੋਪੜ,ਬਨੂੜ,ਰਾਜਪੁਰਾ ਹੁੰਦੇ ਹੋਏ ਸੈਫਾਬਾਦ ਵਾਦ ਪਹੁੰਚੇ ਤੇ ਫਿਰ ਧਮਤਾਣ ਵਿਖੇ ਗੁਰੂ ਸਾਹਿਬ ਨੂੰ ਔਰੰਗਜੇਬ ਦੇ ਸਿਪਾਹੀਆਂ ਨੇ ਬੰਦੀ ਬਣਾ ਕੇ ਦਿੱਲੀ ਲਿਜਾਇਆ ਗਿਆ।ਜਿੱਥੇ ਇੱਕ ਮਹੀਨੇ ਬਾਅਦ ਰਾਜਾ ਰਾਮ ਸਿੰਘ ਦੇ ਕਹਿਣ ਤੇ ਉਹਨਾਂ ਨੂੰ ਰਿਹਾਅ ਕਰ ਦਿੱਤਾ। ਗੁਰੂ ਸਾਹਿਬ ਦਿੱਲੀ ਤੋਂ ਪੂਰਬੀ ਭਾਰਤ ਵੱਲ ਚੱਲ ਪਏ।ਆਪ ਮਥੁਰਾ,ਆਗਰਾ,ਇਟਾਵਾ,ਕਾਨਪੁਰ ਆਦਿ ਸ਼ਹਿਰਾਂ ਵਿੱਚੋਂ ਹੁੰਦੇ ਹੋਏ ਅਲਾਹਾਬਾਦ ਦਸੰਬਰ 1665 ਵਿੱਚ ਪਹੁੰਚ ਕੇ ਅਜੋਕੇ ਗੁ: ਪੱਕੀ ਸੰਗਤ ਵਾਲੀ ਥਾਂ ਤੇ ਦਸੰਬਰ 1665 ਤੋਂ ਮਾਰਚ 1666 ਤੱਕ ਚਾਰ ਮਹੀਨੇ ਰਹੇ।ਅਲਾਹਾਬਾਦ ਦੇ ਪਿੱਛੋਂ ਮਿਰਜ਼ਾਪੁਰ ਹੁੰਦੇ ਹੋਏ ਬਨਾਰਸ ਪਹੁੰਚੇ,ਜਿੱਥੇ ਦੋ ਹਫਤੇ ਰਹੇ।ਬਨਾਰਸ ਤੋਂ ਸਾਸਾ ਰਾਮ ਤੇ ਬੋਧ ਗਿਆ ਹੁੰਦੇ ਹੋਏ ਮਈ 1666 ਵਿੱਚ ਪਟਨਾ ਪਹੁੰਚੇ,ਇੱਥੇ ਹੀ ਆਪ ਜੀ ਨੂੰ ਆਸਾਮ ਜਾਂਦਾ ਹੋਇਆ ਰਾਜਾ ਰਾਮ ਸਿੰਘ ਵੀ ਮਿਲਿਆ ਤੇ ਗੁਰੂ ਜੀ ਨੂੰ ਨਾਲ ਚੱਲਣ ਲਈ ਬਿਨੈ ਵੀ ਕਰ ਗਿਆ ਜਿਸ ਪਿੱਛੋਂ ਆਪ ਅਕਤੂਬਰ 1666 ਵਿੱਚ ਢਾਕੇ ਪਹੁੰਚੇ ਜਦ ਬਾਲ ਗੋਬਿੰਦ ਦਾ ਜਨਮ ਹੋਇਆ ਤਾਂ ਗੁਰੂ ਜੀ ਨੂੰ ਭਾਈ ਮਿਹਰ ਚੰਦ ਤੇ ਭਾਈ ਕਲਿਆਣ ਦਾਸ ਰਾਹੀਂ ਇਹ ਸੂਚਨਾ ਢਾਕੇ ਹੀ ਮਿਲੀ।ਪਟਨੇ ਤੋਂ ਢਾਕੇ ਆਪ ਮੁੰਘੇਰ,ਭਾਗਲਪੁਰ,ਕੋਲਗਾਂਵ,ਰਾਜ ਮਹਿਲ ਆਦਿ ਹੁੰਦੇ ਹੋਏ ਪਹੁੰਚੇ।ਨਾਮਪ੍ਰਚਾਰ ਹਿਤ ਢਾਕਾ ਤੋਂ ਗੁਰੂ ਜੀ ਸਿਲਹਟ ਗਏ ਜਿੱਥੇ ਚੋਮਾਸਾ ਕੱਟਿਆ।ਢਾਕਾ ਤੋਂ ਦਸੰਬਰ 1668 ਵਿੱਚ ਰਾਜਾ ਰਾਮ ਸਿੰਘ ਨਾਲ ਅਸਾਮ ਗਏ ਤੇ ਫਰਵਰੀ 1669 ਨੂੰ ਢੁਬਰੀ ਪਹੁੰਚੇ ਮਾਰਚ 1669 ਵਿੱਚ ਅਹੋਮ ਰਾਜੇ ਚੱਕਰਧਵੱਜ ਸਿੰਘ(1669) ਤੇ ਰਾਜਾ ਰਾਮ ਸਿੰਘ ਦੀਆਂ ਸੈਨਾਵਾਂ ਵਿੱਚ ਬੜਾ ਘਸਮਾਣ ਦਾ ਯੁੱਧ ਹੋਇਆ।ਗੁਰੂ ਜੀ ਦੀ ਸਾਲਿਸੀ ਸਦਕਾ ਦੋਨੇ ਰਾਜਿਆਂ ਵਿੱਚ ਸੁਲਹ ਹੋਈ। ਰਾਜਾ ਚੱਕਰ ਧਵਜ ਸਿੰਘ ਦੇ ਸੱਦੇ ਤੇ ਗੁਰੂ ਜੀ ਗੋਹਾਟੀ ਦੇ ਤੇਜਪੁਰ ਗਏ।ਗੁਰੂ ਜੀ ਅਜੇ ਅਸਾਮ ਵਿੱਚ ਹੀ ਸਨ ਜਦ 9 ਅਪ੍ਰੈਲ 1669 ਨੂੰ ਔਰੰਗਜ਼ੇਬ ਦਾ ਫੁਰਮਾਨ ਕਿ "ਗੈਰ ਮੁਸਲਮਾਨਾਂ ਦੇ ਮੰਦਰ ਪਾਠਸ਼ਾਲਾ ਢਾਹ ਦਿੱਤੇ ਜਾਣ"ਜਾਰੀ ਹੋਇਆ।ਹਾਲਾਤ ਨਾਸਾ ਜ਼ਗਾਰ ਜਾਣ ਕੇ ਗੁਰੂ ਜੀ ਵਾਪਿਸ ਪਰਤੇ ਤੇ ਢਾਕੇ ਕਲਕੱਤੇ,ਗੋਮੇਹ ਤੋ ਗਯਾ ਰਾਹੀ ਦੁਬਾਰਾ ਪਟਨਾ ਪਹੁੰਚੇ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਇਸ ਸਮੇਂ ਬਾਲ ਗੋਬਿੰਦ ਚਾਰ ਵਰਿਆਂ ਦੇ ਹੋ ਗਏ ਸਨ।ਪਰਿਵਾਰ ਨੂੰ ਪੰਜਾਬ ਪਰਤਣ ਲਈ ਆਖ ਆਪ ਗੰਗਾ ਦੇ ਉੱਤਰੀ ਕੰਡੇ ਵੱਲੋਂ ਦੀ ਜੋਨਪੁਰ,ਅਯੁਧਿਆ,ਲਖਨਊ,ਸ਼ਾਹਜਹਾਨਪੁਰ,ਮੁਰਾਦਾਬਾਦ ਹੁੰਦੇ ਹੋਏ ਸਨ 1670 ਈਸਵੀ ਦੀ 20 ਜੂਨ ਨੂੰ ਦਿੱਲੀ ਪਹੁੰਚੇ।ਜਿੱਥੇ ਆਪ ਕੜਾਮਾਨਾ,ਕਪੂਰ,ਸਡੋਲ, ਗੋਲਾ,ਗੜੀ,ਨਜੀਰ,ਸਮਾਣਾ ਆਦਿ ਹੁੰਦੇ ਹੋਏ ਸੈਫਾਬਾਦ ਰਾਹੀਂ ਵਾਪਿਸ ਆਨੰਦਪੁਰ ਮਾਰਚ 1671 ਵਿੱਚ ਪਹੁੰਚੇ ਜਿੱਥੇ ਆਪ ਆਪਣੇ ਪਰਿਵਾਰ ਦੇ ਪਹੁੰਚਣ ਦਾ ਇੰਤਜ਼ਾਰ ਕਰਦੇ ਰਹੇ ਤੇ ਇਸ ਸਮੇਂ ਆਪ ਅਨੰਦਪੁਰ ਸਾਹਿਬ ਵਿੱਚ ਨਾਮ ਪ੍ਰਚਾਰ ਸੰਸਥਾਨ ਦਾ ਸੰਗਠਨ ਕਰਨ ਵਿੱਚ ਲੱਗੇ ਰਹੇ।

**ਮਾਲਵਾ ਤੇ ਬਾਂਗਰ ਪ੍ਰਦੇਸ਼ ਦੀਆਂ ਯਾਤਰਾਵਾਂ-**

ਸੰਨ 1673 ਵਿੱਚ ਗੁਰੂ ਤੇਗ ਬਹਾਦਰ ਜੀ ਨੇ ਪੰਜਾਬ ਦੇ ਮਾਲਵਾ ਤੇ ਬਾਂਗਰ ਇਲਾਕੇ ਦੀ ਦੂਜੀ ਵਾਰੀ ਯਾਤਰਾ ਕੀਤੀ ਜਿਸ ਦੌਰਾਨ ਉਨਾਂ ਨੇ ਸੈਫਾਬਾਦ, ਧਰਮਗੜ੍ਹ, ਨਰੋਲ ,ਰਾਮਗੜ੍ਹ, ਦਿੜਬਾ,ਤਲਵੰਡੀ ਸਾਬੋ,ਬਠਿੰਡਾ ਵਿਖੇ ਕੋਟ ਧਰਮੂ,ਬਛੋਆਣਾ,ਗੋਬਿੰਦਗੜ੍ਹ,ਸ਼ਾਹਪੁਰ ਆਦਿ ਦੀਆਂ ਯਾਤਰਾਵਾਂ ਕੀਤੀਆਂ।ਉਪਰੋਕਤ ਥਾਵਾਂ ਵਿੱਚੋਂ ਗੁਰੂ ਜੀ ਜਿਆਦਾ ਦਿਨ ਦੋ ਤਿੰਨੀ ਥਾਈ ਹੀ ਰਹੇ ਜਿਨਾਂ ਵਿੱਚੋਂ ਗੁਰੂ ਜੀ ਸੈਫਾਬਾਦ,ਮੌੜ ਕਲਾਂ, ਕੁੱਬੇ ਰਹੇ ਬਾਕੀ ਥਾਵਾਂ ਤੇ ਉਹ ਦੁਪਹਿਰ ਜਾਂ ਰਾਤ ਭਰ ਹੀ ਰਹੇ।ਸੋ ਆਨੰਦਪੁਰ ਤੋਂ ਧਮਤਾਣ ਸਾਹਿਬ ਦੀ ਯਾਤਰਾ ਦਾ ਸਮਾਂ ਚੱਕ ਨਾਨਕੀ ਦੀ ਨੀਂਹ ਰੱਖਣ ਤੋਂ ਲੈ ਕੇ ਧਮਤਾਣ ਵਿਖੇ ਕੈਦ ਹੋਣ ਦਾ ਹੀ ਮੰਨਿਆ ਜਾ ਸਕਦਾ ਹੈ। ਬਾਦਸ਼ਾਹ ਔਰੰਗਜ਼ੇਬ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਤਾਂ ਦੀ ਰੱਖਿਆ ਕਰਨ ਲਈ ਕੋਈ ਵੀ ਤਿਆਰ ਨਾ ਹੋਇਆ ਤਾਂ ਉਹਨਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਲੈਣ ਦਾ ਫੈਸਲਾ ਕੀਤਾ।ਸਿੱਖ ਆਗੂ ਭਾਈ ਕਿਰਪਾ ਰਾਮ ਦੀ ਅਗਵਾਈ ਵਿੱਚ 16 ਕਸ਼ਮੀਰੀ ਪੰਡਿਤਾਂ ਦਾ ਇੱਕ ਜਥਾ 25 ਮਈ 1675 ਨੂੰ ਗੁਰੂ ਸਾਹਿਬ ਕੋਲ ਚੱਕ ਨਾਨਕੀ ਆਇਆ।ਉਹਨਾਂ ਨੇ ਦੱਸਿਆ ਕਿ ਅਸੀਂ ਕੇਦਾਰ ਨਾਥ,ਬਦ ਬਦਰੀਨਾਥ,ਪੁਰੀ ਦੁਆਰਕਾ,ਕਾਂਚੀ ਮਥੁਰਾ ਤੇ ਹੋਰ ਹਿੰਦੂ ਕੇਂਦਰਾਂ ਤੋਂ ਆਏ ਹਾਂ। ਪ੍ਰੰਤੂ ਕਿਸੇ ਨੇ ਸਾਡੀ ਬਾਂਹ ਨਹੀਂ ਫੜੀ ਉਹਨਾਂ ਨੇ ਕਸ਼ਮੀਰ ਦੇ ਨਵੇਂ ਮੁਸਲਮਾਨ ਗਵਰਨਰ ਇਫ਼ਤਿਖਾਰ ਖਾਨ ਦੇ ਜੁਲਮਾਂ ਬਾਰੇ ਗੁਰੂ ਜੀ ਨੂੰ ਦੱਸਿਆ ਜਿਹੜਾ ਹਰ ਰੋਜ਼ ਸੈਂਕੜੇ ਬਾਹਮਣਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਸੀ। ਅਸੀਂ ਔਰੰਗਜ਼ੇਬ ਦੇ ਰਾਜਪੂਤ ਵਜ਼ੀਰਾਂ ਨੂੰ ਵੀ ਆਪਣਾ ਧਰਮ ਬਚਾਉਣ ਦੀ ਗੁਹਾਰ ਲਾਈ ਪਰ ਉਹਨਾਂ ਨੇ ਵੀ ਆਪਣੀ ਬੇਵਸੀ ਪ੍ਰਗਟਾਈ ਹੈ। ਸਾਡੀ ਮਦਦ ਕਰਨ ਲਈ ਕੋਈ ਵੀ ਤਿਆਰ ਨਹੀਂ ਹੁਣ ਸਾਡੀ ਆਖਰੀ ਇਸ ਸਿਰਫ ਗੁਰੂ ਨਾਨਕ ਸਾਹਿਬ ਜੀ ਦਰ ਹੀ ਹੈ।ਗੁਰੂ ਜੀ ਨੇ ਉਹਨਾਂ ਨੂੰ "ਜੋ ਸਰਣ ਆਵੈ ਤਿਸੁ ਕੰਠ ਲਾਵੈ"ਦੇ ਮਹਾਂਵਾਕ ਅਨੁਸਾਰ ਵਿਸ਼ਵਾਸ ਦਿਵਾਇਆ ਕਿ ਉਹ ਬਾਬੇ ਨਾਨਕ ਦੇ ਦਰ ਤੋਂ ਮਾਯੂਸ ਹੋ ਕੇ ਨਹੀਂ ਪਰਤਣਗੇ। ਇਸ ਤੋਂ ਬਾਅਦ ਗੁਰੂ ਜੀ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ ਅਤੇ ਕੁਝ ਸਮੇਂ ਬਾਅਦ ਫ਼ਰਮਾਉਣ ਲੱਗੇ ਕਿ ਅਜੇ ਧਰਮ ਯੁੱਧ ਦਾ ਸਮਾਂ ਨਹੀਂ ਆਇਆ।ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ ਸਿਰਫ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ।

ਆਪ ਜੀ ਦੇ ਬਚਨ ਸੁਣ ਕੇ ਪੂਰੇ ਦਰਬਾਰ ਵਿੱਚ ਸੱਨਾਟਾ ਛਾ ਗਿਆ।ਆਪ ਜੀ ਦੇ ਸਪੁੱਤਰ ਬਾਲ ਗੋਬਿੰਦ ਰਾਏ ਜੀ ਨੇ ਆਪ ਜੀ ਤੋਂ ਇਸ ਖਾਮੋਸ਼ੀ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਅੱਤਿਆਚਾਰ ਦੇ ਭਾਂਬੜ ਬਹੁਤ ਉੱਚੇ ਚਲੇ ਗਏ ਹਨ ਜਿਸ ਵਿੱਚ ਇਹ ਨਿਤਾਣੇ ਬਾਲਣ ਦੀ ਥਾਂ ਝੋਕੇ ਜਾ ਰਹੇ ਹਨ।ਹੁਣ ਕਿਸੇ ਮਹਾਂਪੁਰਖ ਦੇ ਬਲੀਦਾਨ ਦੀ ਲੋੜ ਹੈ,ਜੋ ਆਪਣੇ ਪਵਿੱਤਰ ਖੂਨ ਦੇ ਛਿੱਟੇ ਮਾਰ ਕੇ ਬਲਦੇ ਹੋਏ ਭਾਂਬੜਾਂ ਨੂੰ ਸ਼ਾਂਤ ਕਰ ਸਕੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ ਆਪ ਜੀ ਤੋਂ ਬਿਨਾਂ ਹੋਰ ਮਹਾਂਪੁਰਖ ਕੌਣ ਹੋ ਸਕਦਾ ਹੈ?ਆਪ ਆਪਣਾ ਬਲੀਦਾਨ ਦੇ ਕੇ ਇਹਨਾਂ ਨੂੰ ਡੁੱਬਦੇ ਹੋਏ ਧਰਮਾਂ ਦੀ ਰੱਖਿਆ ਕਰੋ ਆਪਣੇ ਬਾਲ ਦੇ ਨਿੱਕੇ ਜਿਹੇ ਮੂੰਹੋ ਇੰਨੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਬਾਲਕ ਆਉਣ ਵਾਲੀ ਹਰ ਔਖੀ ਤੋਂ ਔਖੀ ਘੜੀ ਦਾ ਸਾਹਮਣਾ ਕਰਨ ਲਈ ਹਰ ਪੱਖੋਂ ਸਮਰੱਥ ਹੈ।ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਫੈਸਲਾ ਕਰ ਲਿਆ।ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਤੁਸੀਂ ਨਿਸ਼ਚਿੰਤ ਹੋ ਕੇ ਜਾਓ ਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜਾ ਪਹਿਲਾਂ ਸਾਡੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲੈ ,ਜੇ ਉਹਨਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ ਤਾਂ ਅਸੀਂ ਖੁਸ਼ੀ ਖੁਸ਼ੀ ਮੁਸਲਮਾਨ ਬਣ ਜਾਵਾਂਗੇ।ਸੰਨ 1675 ਈ ਵਿੱਚ ਗੁਰੂ ਸਾਹਿਬ ਧਾਰਮਿਕ ਸੰਕਟ ਨੂੰ ਖਤਮ ਕਰਨ ਲਈ ਕੁਝ ਸਿੱਖ-ਸੇਵਕਾਂ ਨੂੰ ਨਾਲ ਲੈ ਕੇ ਦਿੱਲੀ ਵੱਲ ਚੱਲ ਪਏ ਯਾਤਰਾ ਦੌਰਾਨ ਆਪ ਕਈ ਨਗਰਾਂ ਵਿੱਚ ਠਹਿਰੇ ਅਤੇ ਧਰਮ ਪ੍ਰਤੀ ਦ੍ਰਿੜਤਾ ਦਾ ਪ੍ਰਚਾਰ ਕਰਦੇ ਰਹੇ।ਦਿੱਲੀ ਪਹੁੰਚਣ ਤੋਂ ਪਹਿਲਾਂ ਆਪ ਨੂੰ ਆਗਰੇ ਵਿੱਚ ਬੰਦੀ ਬਣਾ ਲਿਆ ਗਿਆ।ਬਾਦਸ਼ਾਹ ਵੱਲੋਂ ਮੁਸਲਮਾਨ ਬਣਨ ਦੀ ਹਰ ਪ੍ਰਕਾਰ ਦੀ ਪੇਸ਼ਕਸ਼ ਨੂੰ ਆਪ ਨੇ ਠੁਕਰਾ ਦਿੱਤਾ। ਬਾਦਸ਼ਾਹ ਨੇ ਆਪ ਨੂੰ 11 ਨਵੰਬਰ 1675 ਈਸਵੀ ਨੂੰ ਦਿੱਲੀ ਵਿੱਚ ਕੋਤਵਾਲੀ ਦੇ ਨੇੜੇ ਗੁਰਦੁਆਰਾ ਸੀਸਗੰਜ ਵਾਲੇ ਸਥਾਨ ਉੱਤੇ ਸ਼ਹੀਦ ਕਰਵਾ ਦਿੱਤਾ। ਆਪ ਦੇ ਨਾਲ ਗਏ ਸਿੱਖ ਸੇਵਕਾਂ ਵਿੱਚੋਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਵੀ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ

**ਬਚਿੱਤਰ ਨਾਟਕ ਅਨੁਸਾਰਃ**

"ਤਿਲਕ ਜੰਵੂ ਰਾਖਾ ਪ੍ਰਭ ਤਾਕਾ ।ਕੀਨੋ ਬਡੋ ਕਲੂ ਮਹਿ ਸਾਕਾ।"

ਆਪ ਦੇ ਸਰੀਰ ਦਾ (ਕੇਵਲ)ਸਸਕਾਰ ਭਾਈ ਲੱਖੀ ਸ਼ਾਹ ਨੇ ਰਾਏ ਸੀਨਾ ਪਿੰਡ ਵਿੱਚ ਆਪਣੇ ਘਰ ਦੇ ਅੰਦਰ ਉਸ ਸਥਾਨ ਉੱਤੇ ਕੀਤਾ ਜਿੱਥੇ ਹੁਣ ਗੁਰਦੁਆਰਾ ਰਕਾਬ ਗੰਜ ਨਵੀਂ ਦਿੱਲੀ ਬਣਿਆ ਹੋਇਆ ਹੈ।ਆਪ ਦੇ ਸੀਸ ਨੂੰ ਚਾਦਰ ਵਿੱਚ ਲਪੇਟ ਕੇ ਭਾਈ ਜੈਤਾ ਅਨੰਦਪੁਰ ਪਹੁੰਚਿਆ,ਜਿੱਥੇ ਬਾਲਕ ਗੋਬਿੰਦ ਰਾਇ ਨੇ ਬੜੇ ਸਤਿਕਾਰ ਨਾਲ ਉਸ ਦਾ ਸਸਕਾਰ ਕੀਤਾ ਇਸ ਸਾਰੇ ਉਦਮ ਕਾਰਨ ਇਤਿਹਾਸ ਵਿੱਚ ਭਾਈ ਜੈਤਾ ਨੂੰ "ਗੁਰੂ ਕਾ ਬੇਟਾ"ਅਖਵਾਉਣ ਦਾ ਸਨਮਾਨ ਪ੍ਰਾਪਤ ਹੋਇਆ।"ਬਚਿੱਤਰ ਨਾਟਕ "ਵਿੱਚ ਆਪ ਦੇ ਮਹਾਬਲੀਦਾਨ ਦੀ ਘਟਨਾ ਬਾਰੇ ਲਿਖਿਆ ਹੈ:-


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

"ਠੀਕਰੀ ਫੋਰਿ ਦਿਲੀਸ ਸਿਰਿ ਪ੍ਰਭਪੁਰ ਕੀਯਾ ਪਯਾਨ

ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂੰ ਆਨ।"

ਕੁਝ ਵਰ੍ਹਿਆਂ ਬਾਅਦ ਗੁਰੂ ਤੇਗ ਬਹਾਦਰ ਦੀ ਭਸਮ ਵਿੱਚੋਂ ਘੋਰ ਵਿਦਰੋਹ ਦੇ ਪੰਛੀ ਨੇ ਜਨਮ ਲਿਆ।ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਵਿੱਚ ਨਵੇਂ ਖ਼ੂਨ ਦਾ ਸੰਚਾਰ ਹੋਇਆ।ਚਿਰਾਂ ਤੋਂ ਪੈਰਾਂ ਵਿੱਚ ਮਿਧੇ ਹੋਏ ਲੋਕਾਂ ਦੇ ਮਨ ਵਿੱਚ ਆਪਣੀ ਪਤਿ ਦੀ ਰੱਖਿਆ ਲਈ ਇੱਕ ਨਵੀਂ ਪ੍ਰੇਰਨਾ ਪੈਦਾ ਹੋਈ।ਗੁਰੂ ਜੀ ਦਾ ਇਹ ਵਾਕ:

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ"

ਵਾਯੂਮੰਡਲ ਵਿੱਚ ਗੂੰਜਣ ਲੱਗਿਆ।ਕਿਸੇ ਨੂੰ ਨਾ ਡਰਾਉਣ ਦੀ ਗੱਲ ਨਾਲ ਗੁਰੂ ਜੀ ਨੇ ਨ ਡਰਨ ਵਾਲੀ ਭਾਵਨਾ ਜੋੜ ਕੇ ਇੱਕ ਅਪੂਰਨ ਉਕਤੀ ਨੂੰ ਸੰਪੂਰਨ ਕਰ ਦਿੱਤਾ।ਗੁਰੂ ਜੀ ਨੇ ਆਪਣੀ ਬਾਣੀ ਵਿੱਚ ਸੰਸਾਰ ਦੇ ਨਾਸ਼ਮਾਨਤਾ ਨੂੰ ਬਾਰ ਬਾਰ ਸਪੱਸ਼ਟ ਕਰਕੇ ਇਸ ਪ੍ਰਤੀ ਵੈਰਾਗ ਦੀ ਜਿਸ ਭਾਵਨਾ ਨੂੰ ਪ੍ਰਸਾਰਿਆ ਉਸ ਪਿੱਛੋਂ ਅਨਿਆ ਪ੍ਰਤੀ ਇਸ ਅਸਵੀਕਾਰ ਦਾ ਸੰਕਲਪ ਕੰਮ ਕਰ ਰਿਹਾ ਸੀ।ਇਸ ਅਸਵੀਕਾਰ ਗੁਰੂ ਜੀ ਦੇ ਕਿਸੇ ਨਿਜੀ ਕਾਰਣ ਕਰਕੇ ਨਹੀਂ,ਸਗੋਂ ਭਾਰਤ ਵਾਸੀਆਂ ਦੀ ਸਮੁੱਚੀ ਪੀੜ ਨੂੰ ਹਰਨ ਕਰਕੇ ਸੀ। ਆਪ ਕੁੱਲ 10 ਵਰੇ 7 ਮਹੀਨੇ ਅਤੇ 18 ਦਿਨ ਗੁਰੂ ਗੱਦੀ ਉੱਤੇ ਬਿਰਾਜਮਾਨ ਰਹੇ.ਆਪ ਦੇ ਮਹਾਂ ਪ੍ਰਸਥਾਨ ਤੋਂ ਬਾਅਦ ਆਪ ਦੇ ਸਪੁੱਤਰ ਗੋਬਿੰਦ ਰਾਇ ਜੀ ਗੁਰੂ ਗੱਦੀ ਉੱਤੇ ਬੈਠੇ,ਜਿਨਾਂ ਨੇ ਕੌਮ ਨੂੰ ਇੱਕ ਨਵੀਂ ਸੇਧ ਦੇ ਕੇ ਭਾਰਤੀਅਤਾ ਦਾ ਕਲਿਆਣ ਕੀਤਾ।

**ਬਾਣੀ ਰਚਨਾ**

ਆਪ ਨੇ ਸਮੇਂ ਸਮੇਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ 15 ਰਾਗਾਂ ਵਿੱਚ 59 ਸ਼ਬਦਾਂ(ਚਉਪਦੀਆਂ)ਦੀ ਰਚਨਾ ਕੀਤੀ ਅਤੇ 57 ਸਲੋਕ ਵੀ ਲਿਖੇ ਹਨ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਤ ਉੱਤੇ ਸੰਕਲਿਤ ਹਨ ਆਪ ਦੇ ਗਉੜੀ ਰਾਗ ਵਿੱਚ ਰਚੇ ਨੌ ਚਉਪਦੀਆਂ ਵਿੱਚੋਂ ਸੱਤ ਦੁਪਦੇ ਅਤੇ ਦੋ ਤ੍ਰਿਪਦੇ ਹਨ।ਇਹਨਾਂ ਦਾ ਮੁੱਖ ਸਵਰ ਵਾਸਨਾਵਾਂ ਦਾ ਤਿਆਗ ਅਤੇ ਸੰਸਾਰਕ ਪ੍ਰਪੰਚ ਪ੍ਰਤੀ ਵੈਰਾਗ ਦੀ ਭਾਵਨਾ ਵਾਲਾ ਹੈ।ਆਸਾ ਰਾਗ ਵਿਚਲੇ ਇਕ ਚਉਪਦੇ ਵਿੱਚ ਗੁਰੂ ਜੀ ਨੇ ਦੁਆਰ ਦੁਆਰ ਤੇ ਭਟਕਣ ਵਾਲੇ ਵਿਅਕਤੀ ਨੂੰ ਸੰਬੋਧਨ ਕਰਦੇ ਹੋਇਆ ਮਾਨਸ ਜਨਮ ਨੂੰ ਵਿਅਰਥ ਵਿਚ ਨਸ਼ਟ ਕਰਨੋ ਵਰਜਿਆ ਹੈ।ਦੇਵਗੰਧਾਰੀ ਰਾਗ ਵਿਚਲੇ ਆਪ ਦੇ ਤਿੰਨੋ ਸ਼ਬਦ ਦੁਪਦੇ ਹਨ।ਇਹਨਾਂ ਵਿੱਚ ਆਪ ਨੇ ਉਪਦੇਸ਼ ਦਿੱਤਾ ਹੈ ਕਿ ਹਰਿ ਨਾਮ ਦੇ ਸਿਮਰਨ ਨਾਲ ਮਨੁੱਖ ਦਾ ਅਧਿਆਤਮਿਕ ਭਵਿੱਖ ਸੁਧਰਦਾ ਹੈ।ਬਿਹਾਗੜਾ ਰਾਗ ਵਿੱਚ ਲਿਖੇ ਇਕ ਤ੍ਰਿਪਦੇ ਦੇ ਵਿੱਚ ਆਪਨੇ ਅਨੇਕ ਪ੍ਰਕਾਰ ਦੇ ਪਸਾਰਾਂ ਵਾਲੇ ਸੰਸਾਰ ਦੀ ਅਨੇਕਤਾ ਪਿੱਛੇ ਇੱਕੋ ਪਰਮਾਤਮਾ ਦੀ ਸ਼ਕਤੀ ਦਾ ਸੰਚਾਰ ਦੱਸਿਆ ਹੈ। ਸੋਰਠਿ ਰਾਗ ਵਿੱਚ ਆਪ ਨੇ 12 ਸ਼ਬਦਾਂ ਦੀ ਰਚਨਾ ਕੀਤੀ,ਜਿਨਾਂ ਵਿੱਚੋਂ ਚਾਰ ਦੁਪਦੇ ਹਨ ਅਤੇ ਅੱਠ ਤ੍ਰਿਪਦੇ।ਇਹਨਾਂ ਵਿੱਚ ਗੁਰੂ ਜੀ ਨੇ ਮ੍ਰਿਤੂ ਦੇ ਭੈਅ ਅਤੇ ਮਾਇਆ ਦੀ ਤੁਛਤਾ ਨੂੰ ਸਪੱਸ਼ਟ ਕੀਤਾ ਹੈ।ਧਨਾਸਰੀ ਰਾਗ ਵਿੱਚ ਦਰਜ ਆਪ ਦੇ ਚਾਰੇ ਸ਼ਬਦ ਦੁਪਦੇ ਹਨ ਉਹਨਾਂ ਵਿੱਚ ਆਪ ਨੇ ਵਣ ਵਿੱਚ ਖੋਜਣ ਦੀ ਥਾਂ ਤੇ ਹਰਿ ਨੂੰ ਅੰਦਰ ਲੱਭਣ ਦੀ ਤਾਕੀਦ ਕੀਤੀ ਹੈ। ਜੈਤਸਰੀ ਰਾਗ ਵਿਚਲੇ ਆਪ ਦੇ ਤਿੰਨ ਸ਼ਬਦਾਂ ਵਿੱਚੋਂ ਇੱਕ ਤ੍ਰਿਪਦਾ ਅਤੇ ਦੋ ਦੁਪਦੇ ਹਨ।ਇਹਨਾਂ ਵਿੱਚ ਗੁਰੂ ਜੀ ਨੇ ਪਰਮਾਤਮਾ ਦੀ ਸ਼ਰਨ ਵਿੱਚ ਜਾਣ ਦੀ ਗੱਲ ਉੱਤੇ ਬਹੁਤ ਬਲ ਦਿੱਤਾ। ਟੋਢੀ ਰਾਗ ਵਿਚਲੇ ਇਕ ਦੁਪਦੇ ਦੇ ਵਿੱਚ ਗੁਰੂ ਜੀ ਨੇ ਪਰਮਾਤਮਾ ਤੋਂ ਵਿਛੁੰਨੇ ਮਨੁੱਖ ਦੀ ਅਗਮ ਅਵਸਥਾ ਦਾ ਸੁੰਦਰ ਚਿੱਤਰ ਖਿੱਚਿਆ ਹੈ।ਤਿਲੰਗ ਰਾਗ ਵਿੱਚ ਆਪ ਦੇ ਤਿੰਨ ਸ਼ਬਦ ਦਰਜ ਹਨ ਇਹਨਾਂ ਵਿੱਚ ਗੁਰੂ ਜੀ ਨੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਉਹ ਲਾਪਰਵਾਹੀ ਦੀ ਜ਼ਿੰਦਗੀ ਨਾ ਜੀਵੇ ਅਤੇ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਤਤਪਰ ਰਹੇ।ਬਿਲਾਵਲ ਰਾਗ ਵਿੱਚ ਪੋਰਾਣਿਕ ਹਵਾਲਿਆਂ ਵਾਲੇ ਆਪ ਨੇ ਦੁਪਦੇ ਅਤੇ ਇੱਕ ਤ੍ਰਿਪਦਾ ਲਿਖ ਕੇ ਪਰਮਾਤਮਾ ਦੇ ਰੱਖਿਅਕ ਰੂਪ ਉੱਤੇ ਪ੍ਰਕਾਸ਼ ਪਾਇਆ ਹੈ।ਗੁਰੂ ਜੀ ਨੇ ਰਾਮਕਲੀ ਰਾਗ ਦੇ ਤਿੰਨ ਤ੍ਰਿਪਦਿਆ ਵਿੱਚ ਉਸ ਜੁਗਤ ਨੂੰ ਪ੍ਰਾਪਤ ਕਰਨ ਦੀ ਇੱਛਾ ਪ੍ਰਗਟਾਈ ਹੈ।ਜਿਸ ਨਾਲ ਪਰਮਾਤਮਾ ਦੀ ਸ਼ਰਣ ਵਿੱਚ ਪਹੁੰਚਿਆ ਜਾ ਸਕਦਾ ਹੈ। ਮਾਰੂ ਰਾਗ ਦੇ ਤਿੰਨ ਦੁਪਦਿਆਂ ਵਿੱਚ ਆਪ ਨੇ ਸਪਸ਼ਟ ਕੀਤਾ ਹੈ ਕਿ ਮਨ ਅਨੁਸਾਰ ਚੱਲਣ ਨਾਲ ਮਨੁੱਖ ਦਾ ਜਨਮ ਵਿਅਰਥ ਜਾਂਦਾ ਹੈ।ਬਸੰਤ ਰਾਗ ਵਿੱਚ ਆਪ ਨੇ ਪੰਜ ਸ਼ਬਦ ਰਚੇ ਹਨ ਜਿਨਾਂ ਵਿੱਚੋਂ ਕੋਈ ਇੱਕ ਦੁਪਦਾ ਅਤੇ ਚਾਰ ਤ੍ਰਿਪਦੇ ਹਨ। ਇਹਨਾਂ ਵਿੱਚ ਸੰਸਾਰਿਕ ਪਦਾਰਥਾਂ ਅਤੇ ਰਿਸ਼ਤਿਆਂ ਨੂੰ ਨਿਰਾਧਾਰ ਦੱਸ ਕੇ ਹਰਿ ਨਾਮ ਵਿੱਚ ਲੀਨ ਹੋਣ ਲਈ ਜਿਗਿਆਸੂ ਨੂੰ ਪ੍ਰੇਰਨਾ ਦਿੱਤੀ ਹੈ। ਸਾਰੰਗ ਰਾਗ ਵਿੱਚ ਚਾਰ ਦੁਪਦਿਆਂ ਵਿੱਚ ਗੁਰੂ ਜੀ ਨੇ ਦੱਸਿਆ ਹੈ ਕਿ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਸੱਚਾ ਸਹਾਇਕ ਜਾਂ ਸਬੰਧੀ ਨਹੀਂ ਹੈ।ਜੈਜਾਵੰਤੀ ਰਾਗ ਵਿੱਚ ਕੇਵਲ ਆਪ ਦੇ ਹੀ ਚਾਰ ਸ਼ਬਦ ਹਨ ਜਿਨਾਂ ਦਾ ਰੂਪਾਕਾਰ ਦੁਪਦਿਆਂ ਵਾਲਾ ਹੈ।ਇਹਨਾਂ ਵਿੱਚ ਆਪ ਨੇ ਮਾਇਆਵੀ ਰਸ-ਭੋਗਾਂ ਨੂੰ ਛੱਡ ਕੇ ਹਰਿ ਨਾਮ ਵਿੱਚ ਲੀਨ ਹੋਣ ਲਈ ਜਗਿਆਸੂ ਨੂੰ ਪ੍ਰੇਰਨਾ ਦਿੱਤੀ ਹੈ। ਗੁਰੂ ਜੀ ਨੇ 57 ਸਲੋਕਾਂ ਦੀ ਵੀ ਰਚਨਾ ਕੀਤੀ ਹੈ। ਇਹ ਸਲੋਕ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਪੁਨਰ ਸੰਪਾਦਨ ਵੇਲੇ ਅਥਵਾ ਅੰਤਿਮ ਰੂਪ ਦੇਣ ਵੇਲੇ ਦਰਜ ਕਰਵਾਏ ਹਨ। ਇਹ ਸਲੋਕ ਕਦ ਲਿਖੇ ਗਏ?ਇਸ ਬਾਰੇ ਵਿਦਵਾਨਾਂ ਵਿੱਚ ਮਤ ਏਕਤਾ ਨਹੀਂ ਹੈ।ਸੰਪ੍ਰਦਾਈ ਵਿਦਵਾਨ ਇਹਨਾਂ ਨੂੰ ਉਸ ਵੇਲੇ ਦੀ ਰਚਨਾ ਮੰਨਦੇ ਹਨ ਜਦੋਂ ਨੌਵੇਂ ਗੁਰੂ ਸ਼ਹਾਦਤ ਤੋਂ ਪਹਿਲਾਂ ਦਿੱਲੀ ਵਿੱਚ ਕੈਦ ਸਨ।ਉਹਨਾਂ ਅਨੁਸਾਰ ਇਹ ਸਲੋਕ ਉਪਦੇਸ਼ ਰੂਪ ਵਿੱਚ ਨੌਵੇਂ ਗੁਰੂ ਜੀ ਵੱਲੋਂ ਆਪਣੇ ਸਪੁੱਤਰ ਨੂੰ ਆਨੰਦਪੁਰ ਲਿਖ ਕੇ ਭੇਜੇ ਗਏ ਸਨ।ਇਸ ਦੇ ਉਲਟ ਆਧੁਨਿਕ ਵਿਦਵਾਨਾਂ ਦੀ ਸਥਾਪਨਾ ਹੈ ਕਿ ਵੱਖ-ਵੱਖ ਅਵਸਰਾਂ ਉੱਤੇ ਉਚਾਰੇ ਗਏ ਸ਼ਲੋਕਾਂ ਨੂੰ ਹੀ "ਸਲੋਕ ਵਾਰਾ ਤੇ ਵਧੀਕ" ਦੀ ਪਰੰਪਰਾ ਵਿੱਚ ਦਸਮ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਕਰਵਾ ਦਿੱਤਾ ਸੀ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰਮਤਿ ਦੇ ਮੁੱਖ ਸਿਧਾਂਤਾਂ ਦਾ ਹੀ ਵਿਸਥਾਰ ਕਰਦੀ ਹੈ ਵਿਸ਼ੇਸ਼ ਗੱਲ ਇਹ ਹੈ ਕਿ ਆਪ ਦੀ ਬਾਣੀ ਵਿੱਚ ਦੋ ਪ੍ਰਵਿਰਤੀਆਂ ਅਧਿਕ ਉਘੜੀਆਂ ਹਨ।ਇੱਕ ਹੈ ਵੈਰਾਗ ਦੀ ਭਾਵਨਾ ਤੇ ਦੂਜੀ ਹੈ ਭਗਤੀ ਦੀ ਭਾਵਨਾ।ਇਹਨਾਂ ਦੋਹਾਂ ਭਾਵਨਾਵਾਂ ਦੀਆਂ ਵੱਖ ਵੱਖ ਸਥਿਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਗੁਰੂ ਜੀ ਨੇ ਪ੍ਰਕਾਸ਼ ਪਾਇਆ ਹੈ।ਇਹ ਸ਼ਬਦ ਰਾਗਬੱਧ ਹਨ ਅਤੇ ਗੁਰੂ ਜੀ ਨੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਇਹਨਾਂ ਲਈ 15 ਰਾਗਾਂ ਦੀ ਵਰਤੋਂ ਕੀਤੀ ਹੈ। ਰਾਗਾਂ ਦੀ ਵਿਵਿਧਤਾ ਦੇ ਬਾਵਜੂਦ ਗੁਰੂ ਜੀ ਨੇ ਰਾਗਾਂ ਦੀ ਪ੍ਰਕਿਰਤੀ ਨਾਲ ਆਪਣੀਆਂ ਭਾਵਨਾਵਾਂ ਦਾ ਸਬੰਧ ਜੋੜੀ ਰੱਖਿਆ ਹੈ। ਜਿੱਥੋਂ ਤੱਕ ਰਾਗਾਂ ਦੇ ਸ਼ਾਸਤਰੀ ਨਿਯਮਾਂ ਦੀ ਪਾਲਣਾ ਦਾ ਸੰਬੰਧ ਹੈ ਗੁਰੂ ਜੀ ਨੇ ਰਾਗ ਦੇ ਵਿਆਕਰਨ ਦੀ ਅਨੁਰੂਪਤਾ ਦੀ ਥਾਂ ਅਨੁਕੂਲ ਵਾਤਾਵਰਣ ਦੀ ਸ੍ਰਿਸ਼ਟੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਇਸ ਲਈ ਗੁਰੂ ਜੀ ਨੇ ਇਹਨਾਂ ਸ਼ਬਦਾਂ ਵਿੱਚ ਆਪਣੀ ਰਾਗ ਸਿੱਧੀ ਦਾ ਪਰਿਚਯ ਦਿੱਤਾ ਹੈ। ਆਪ ਦੀ ਕਾਵਿ-ਸਾਧਨਾ ਦੀ ਸੰਵੇਦਨਸ਼ੀਲਤਾ 'ਨਿਜ' ਦੀ ਸੀਮਾ ਤੋਂ ਨਿਕਲ ਕੇ 'ਪਰ' ਦੀ ਵਿਆਪਕ ਭਾਵ-ਭੂਮੀ ਉੱਤੇ ਜਾ ਬਿਰਾਜੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੀ ਬਿੰਬਾਵਲੀ ਵਿਸ਼ੇਸ਼ ਮਹੱਤਵ ਰੱਖਦੀ ਹੈ,ਕਿਉਂਕਿ ਇਸ ਭਾਵਨਾ ਨਾਲ ਇਸ ਭਾਵ ਨੂੰ ਜਗਾਉਣ ਜਾਂ ਉਭਾਰਨ ਵਿੱਚ ਬਹੁਤ ਸਹਾਇਤਾ ਮਿਲੀ ਹੈ। ਇਸ ਤੋਂ ਇਲਾਵਾ ਗੁਰੂ ਜੀ ਨੇ ਆਪਣੇ ਵਿਚਾਰਾਂ ਨੂੰ ਸਰਲ ਬਣਾਉਣ ਅਤੇ ਜਗਿਆਸੂਆਂ ਨੂੰ ਉਹਨਾਂ ਦੇ ਲੋਕ ਗਿਆਨ ਅਨੁਰੂਪ ਸਮਝਾਉਣ ਲਈ ਅਨੇਕ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ।ਬਾਣੀ ਵਿੱਚ ਅਲੰਕਾਰਾਂ ਤੇ ਗੁਲਦਸਤੇ ਨੂੰ ਸਜਾਉਣ ਤੋਂ ਗੁਰੂ ਜੀ ਨੇ ਸੰਕੋਚ ਕੀਤਾ ਹੈ। ਆਪ ਨੇ ਬ੍ਰਜ ਭਾਸ਼ਾ ਅਤੇ ਕੁਝ ਹੱਦ ਤੱਕ ਸਧੁਕੜੀ ਭਾਸ਼ਾ ਨੂੰ ਭਾਵ ਪ੍ਰੇਸ਼ਣ ਦਾ ਸਾਧਨ ਬਣਾਇਆ ਹੈ।ਇਹ ਭਾਸ਼ਾ ਭਗਤੀ ਸੱਭਿਆਚਾਰ ਦੀ ਕੁਠਾਲੀ ਵਿੱਚ ਢਲੀ ਹੋਈ ਹੈ।ਇਸ ਤਰ੍ਹਾਂ ਇਹ ਜਨ ਸੰਘਰਸ਼ ਦੀ ਸਰਬ ਸਾਂਝੀ ਲਹਿਰ ਦੀ ਸੰਪਰਕ ਭਾਸ਼ਾ ਹੈ।

ਸਮੁੱਚੇ ਤੌਰ ਤੇ ਗੁਰੂ ਜੀ ਨੇ ਜਿੱਥੇ ਆਪਣੇ ਬਲਿਦਾਨ ਦੁਆਰਾ ਭਾਰਤੀ ਸੱਭਿਆਚਾਰ ਨੂੰ ਇੱਕ ਨਵੀਂ ਬਿਰਤੀ ਨਾਲ ਜੋੜਿਆ ਹੈ ਉਥੇ ਵੈਰਾਗ ਅਤੇ ਭਗਤੀ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਸੰਸਾਰਿਕ ਪ੍ਰਪੰਚ ਵਿੱਚ ਉਲਝਣ ਤੋਂ ਵਰਜਿਆ ਹੈ।ਆਪ ਨੇ ਬ੍ਰਜ ਭਾਸ਼ਾ ਦੇ ਪੰਜਾਬੀਆਂ ਲਈ ਅਜਨਬੀਪਣਾ ਖਤਮ ਕਰਕੇ ਉਹਨਾਂ ਦੇ ਭਾਸ਼ਕਿ ਗਿਆਨ ਨੂੰ ਵਿਸਤਾਰ ਦਿੱਤਾ ਹੈ।ਯੁਕਤੀ ਨਾਲ ਗੱਲ ਸਮਝਾ ਕੇ ਜਗਿਆਸੂ ਦੇ ਮਨ ਦੀ ਸਥਿਤੀ ਵਿੱਚ ਪਰਿਵਰਤਨ ਲਿਆਉਂਦਾ ਹੈ ਅਤੇ ਸੁੰਦਰ ਸ਼ਬਦ ਵਿਧਾਨ ਰਾਹੀਂ ਸਾਰੀ ਬਾਣੀ ਨੂੰ ਸੁਭਾਸ਼ਿਤਾ ਵਰਗਾ ਰੂਪ ਪ੍ਰਦਾਨ ਕੀਤਾ ਹੈ।

ਸਾਰਣੀ 1 – ਰਾਗਾਂ ਅਨੁਸਾਰ ਗੁਰੂ ਤੇਗ ਬਹਾਦਰ ਦੁਆਰਾ ਰਚਿਤ ਬਾਣੀ ਦਾ ਵਰਣਨ:-

| | ਰਾਗ | ਸ਼ਬਦ |
|---|---|---|
| 1 | ਗਉੜੀ | 9 |
| 2 | ਆਸਾ. | 1 |
| 3 | ਬਿਹਾਗੜਾ. | 1 |
| 4 | ਦੇਵਗੰਧਾਰੀ. | 3 |
| 5 | ਸੋਰਠਿ. | 12 |
| 6 | ਧਨਾਸਰੀ. | 4 |
| 7 | ਜੈਤਸਰੀ. | 3 |
| 8 | ਟੋਡੀ. | 1 |
| 9 | ਤਿਲੰਗ. | 3 |
| 10 | ਬਿਲਾਵਲੁ. | 3 |
| 11 | ਰਾਮਕਲੀ. | 3 |
| 12 | ਮਾਰੂ. | 3 |
| 13 | ਬਸੰਤ. | 4 |
| 14 | ਸਾਰੰਗ. | 4 |
| 15 | ਜੈਜਾਵੰਤੀ . | 4 |
| 16 | ਬਸੰਤੁ ਹਿੰਡੋਲ | 1 |

## ਪੁਸਤਕ ਸੂਚੀ


1. ਸਰੂਪ ਦਾਸ,ਮਹਿਮਾ ਪ੍ਰਕਾਸ਼,ਰਚਨਾਕਾਲ 1776 ਈਸਵੀ,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਭਾਗ ਦੋ 1970।
2. ਸੁੱਖਾ ਸਿੰਘ ਭਾਈ 1912, ਗੁਰ ਬਿਲਾਸ ਪਾਤਸ਼ਾਹੀ ਦਸਵੀ,ਲਾਲ ਚੰਦ ਮਾਣਕ ਟਾਹਲਾ ਪੁਸਤਕਾਂ ਵਾਲੇ, ਲੁਹਾਰੀ ਦਰਵਾਜਾ, ਲਾਹੌਰ।
3. ਸੇਵਾ ਸਿੰਘ,ਸ਼ਹੀਦ ਬਿਲਾਸ ਭਾਈ ਮਨੀ ਸਿੰਘ,ਮਹਾਰਾਜ ਰਣਜੀਤ ਸਿੰਘ ਕਾਲ ਵਿੱਚ ਰਚਿਤ (ਸੰ)ਗਿਆਨੀ ਗਰਜਾ ਸਿੰਘ,ਪੰਜਾਬੀ ਸਾਹਿਤ ਅਕੈਡਮੀ,ਲੁਧਿਆਣਾ,1961।



© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

4. ਲਾਲ ਕੋਇਰ ਸਿੰਘ,1958,ਗੁਰੂ ਬਿਲਾਸ ਪਾਤਸ਼ਾਹੀ ਦਸਵੀ,ਰਚਨਾ ਕਾਲ 1798 ਬਿ,ਪੰਜਾਬੀ ਯੂਨੀਵਰਸਿਟੀ,ਪਟਿਆਲਾ।

5. ਗੰਡਾ ਸਿੰਘ (ਡਾ.) ਸੰਨ 1967,ਹੁਕਮਨਾਮੇ ,ਪੰਜਾਬੀ ਯੂਨੀਵਰਸਿਟੀ, ਪਟਿਆਲਾ,1967।

6. ਗਿਆਨੀ ਗਰਜਾ ਸਿੰਘ 1961, ਸ਼ਹੀਦ ਬਿਲਾਸ,ਪੰਜਾਬੀ ਸਾਹਿਤ ਅਕਾਦਮੀ,ਲੁਧਿਆਣਾ 1961.

7. ਗੁਰੂ ਗੋਬਿੰਦ ਸਿੰਘ,ਦਸਮ ਗ੍ਰੰਥ,ਬਚਿੱਤਰ ਨਾਟਕ,ਰਚਨਾਕਾਲ 1696-1697 ਈਸਵੀ,ਭਾਈ ਜਵਾਹਰ ਸਿੰਘ,ਕਿਰਪਾਲ ਸਿੰਘ,ਬਾਜ਼ਾਰ ਮਾਈ ਸੇਵਾ,ਅੰਮ੍ਰਿਤਸਰ 1967।

8. ਗਿਆਨੀ ਗਿਆਨ ਸਿੰਘ,1970 ਸ੍ਰੀ ਗੁਰੂ ਪੰਥ ਪ੍ਰਕਾਸ਼,ਭਾਸ਼ਾ ਵਿਭਾਗ,ਪੰਜਾਬ,ਪਟਿਆਲਾ.

9. ਕੋਸ਼ਿ,ਸਰੂਪ ਸਿੰਘ ਗੁਰੂ ਕੀਆਂ ਸਾਖੀਆਂ,ਸੰਮਤ 1847 ਬਿ(1790) ਈਸਵੀ ਗਿਆਨੀ ਗਰਜਾ ਸਿੰਘ ਤੋਂ ਪ੍ਰਾਪਤ ਗੁਰੂ ਨਾਨਕ ਅਧਿਐਨ ਵਿਭਸਾਗਰ ਵਿੱਚ ਮੌਜੂਦ।

10. ਛਿਬਰ ਕੇਸਰ ਸਿੰਘ,ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ,ਰਚਨਾ ਕਾਲ 1780 ਈਸਵੀ,ਪਰਖ ਜਿਲਦ 2 ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ,1972.

11. ਤਾਰਨ ਸਿੰਘ,ਗੁਰੂ ਤੇਗ ਬਹਾਦਰ ਜੀਵਨ,ਸੰਦੇਸ਼ ਤੇ ਸ਼ਹਾਦਤ,ਪਟਿਆਲਾ ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ,1998।

12. ਦਿਲ,ਬਲਵੀਰ ਸਿੰਘ (ਡਾ.) ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ,ਪਟਿਆਲਾ:ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ 2009।

13. ਦਿਲਵਿੰਦਰ ਸਿੰਘ (ਡਾ.)ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਲੇਖ,ਸਿੱਖ ਫਲਾਸਫੀ ਵੈਬਸਾਈਟ ਨੈਟ।

14. ੧ ਬਾਸੂ ਨਿਰਮਲ ਕੁਮਾਰ,ਆਸਾਮ ਇਨ ਦੀ ਅਹੋਮ ਏਜ (1228 ਤੋਂ 1826,ਸੰਸਕ੍ਰਿਤ ਪੁਸਤਕ ਭੰਡਾਰ,ਕਲਕੱਤਾ,1970,ਪੰਨਾ 46-47)

15. ਭੱਲਾ ਸਰੂਪ ਦਾਸ,1971,ਮਹਿਮਾ ਪ੍ਰਕਾਸ਼(ਕਵਿਤਾ )ਭਾਗ ਦੂਜਾ ਭਾਸ਼ਾ ਵਿਭਾਗ ਪੰਜਾਬ,ਪਟਿਆਲਾ।

16. ਭਾਈ ਕਾਨ ਸਿੰਘ ਨਾਭਾ ਰਚਿਤ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼।

17. ਰਤਨ ਸਿੰਘ ਜੱਗੀ (ਡਾ.)ਸਿੱਖ ਪੰਥ ਵਿਸ਼ਵਕੋਸ਼,ਗੁਰ ਰਤਨ ਪਬਲਿਸ਼ਰਜ,ਪਟਿਆਲਾ.


© Copyright @ Authors